

# ਅੱਗ ਦੇ ਖਤਰੇ ਦੀਆਂ ਰੇਟਿੰਗਜ਼ ਬਦਲ ਗਈਆਂ ਹਨ

## ਅੱਗ ਦੇ ਖਤਰੇ ਦੀ ਰੇਟਿੰਗ (ਦਰਜੇ) ਨੂੰ ਜਾਣਨਾ ਤੁਹਾਡੀ ਜਾਨ ਬਚਾ ਸਕਦਾ ਹੈ

ਅੱਗ ਦੇ ਖਤਰੇ ਦੀਆਂ ਰੇਟਿੰਗਜ਼ ਹੁਣ ਸਰਲ ਅਤੇ ਸਮਝਣ ਵਿੱਚ ਆਸਾਨ ਹਨ। ਨਵੀਨਤਮ ਵਿਗਿਆਨ ਅਤੇ ਤਕਨੀਕ ਦੀ ਵਰਤੋਂ ਕਰ ਕੇ, ਸੰਪਤੀਆਂ ਅਤੇ ਜਾਨਾਂ ਬਚਾਉਣ ਲਈ ਇਹ ਵਧੇਰੀ ਸਪੱਸ਼ਟ ਅਤੇ ਸਹੀ ਰੇਟਿੰਗ ਪ੍ਰਦਾਨ ਕਰਦੀਆਂ ਹਨ।

ਜੇਕਰ ਅੱਗ ਲੱਗ ਜਾਵੇ, ਤਾਂ ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਜ਼ ਤੁਹਾਨੂੰ ਅੱਗ ਲੱਗਣ ਦੇ ਨਤੀਜਿਆਂ ਬਾਰੇ ਸੰਕੇਤ ਦਿੰਦੀਆਂ ਹਨ।

ਰੇਟਿੰਗ ਜਿੰਨੀ ਉੱਚੀ ਹੋਵੇਗੀ, ਹਾਲਾਤ ਉੰਨੇ ਹੀ ਖਤਰਨਾਕ ਹੋਣਗੇ।

## ਤੁਹਾਨੂੰ ਕੀ ਜਾਨਣ ਦੀ ਲੋੜ ਹੈ

ਫਾਇਰ ਡੇਂਜਰ ਰੇਟਿੰਗਜ਼ (ਅੱਗ ਦੇ ਖਤਰੇ) ਦੇ ਚਾਰ ਪੱਧਰ ਹਨ,

ਜੋ ਕੀ ਇਸ ਪ੍ਰਕਾਰ ਹਨ:




### MODERATE (ਮੱਧਮ)

**ਯੋਜਨਾ ਬਣਾਓ ਅਤੇ ਤਿਆਰੀ ਕਰੋ।**

**ਜ਼ਿਆਦਾਤਰ ਅੱਗਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ**

- ਅੱਪ-ਟੂ-ਡੇਟ ਰਹੋ (ਜਾਣਕਾਰੀ ਨੂੰ ਤਾਜ਼ਾ ਬਣਾਈ ਰੱਖੋ) ਅਤੇ ਜੇਕਰ ਅੱਗ ਲੱਗ ਜਾਂਦੀ ਹੈ ਤਾਂ ਹਰਕਤ ਵਿੱਚ ਆਉਣ ਲਈ ਤਿਆਰ ਰਹੋ।

### HIGH (ਉੱਚ)

**ਹਰਕਤ ਵਿੱਚ ਆਉਣ ਲਈ ਤਿਆਰ ਰਹੋ।**

ਅੱਗਾਂ ਖ਼ਤਰਨਾਕ ਹੋ ਸਕਦੀਆਂ ਹਨ।

- ਖਤਰਾ ਵਧਿਆ ਹੋਇਆ ਹੈ। ਆਪਣੇ ਖੇਤਰ ਵਿੱਚ ਅੱਗ ਪ੍ਰਤੀ ਚੁਕੰਨੇ ਰਹੋ।
- ਫੈਸਲਾ ਕਰ ਕੇ ਰੱਖੋ ਕਿ ਜੇਕਰ ਅੱਗ ਲੱਗ ਜਾਂਦੀ ਹੈ ਤਾਂ ਤੁਸੀਂ ਕੀ ਕਰੋਗੇ।
- ਜੇਕਰ ਅੱਗ ਲੱਗ ਜਾਂਦੀ ਹੈ, ਤਾਂ ਤੁਹਾਡੀ ਜਾਨ ਅਤੇ ਜਾਇਦਾਦ ਨੂੰ ਖਤਰਾ ਹੋ ਸਕਦਾ ਹੈ।
- ਸਭ ਤੋਂ ਸੁਰੱਖਿਅਤ ਵਿਕਲਪ ਹੈ ਬੁੱਸ਼ਫਾਇਰ (ਜੰਗਲ-ਝਾੜੀਆਂ 'ਚ ਅੱਗ ਲੱਗਣ) ਵਾਲੇ ਜੋਖਮ ਭਰੇ ਖੇਤਰਾਂ ਤੋਂ ਪਰਹੇਜ਼ ਕਰਨਾ।

### EXTREME (ਅਤਿਅੰਤ)

**ਆਪਣੀ ਜਾਨ ਅਤੇ ਮਾਲ ਦੀ ਸੁਰੱਖਿਆ ਲਈ ਹੁਣੇ ਕਾਰਵਾਈ ਕਰੋ।**

**ਅੱਗ ਤੇਜ਼ੀ ਨਾਲ ਫੈਲੇਗੀ ਅਤੇ ਬਹੁਤ ਹੀ ਜ਼ਿਆਦਾ ਖਤਰਨਾਕ ਹੋਵੇਗੀ**

- ਅੱਗ ਲੱਗਣ ਦੇ ਸਬੰਧ ਵਿੱਚ ਇਹ ਖਤਰਨਾਕ ਸਥਿਤੀਆਂ ਹਨ।
- ਆਪਣੀ ਬੁੱਸ਼ਫਾਇਰ ਯੋਜਨਾ ਅਤੇ ਇਸ ਗੱਲ ਉੱਤੇ ਨਜ਼ਰ ਮਾਰ ਲਉ ਕਿ ਕੀ ਤੁਹਾਡੀ ਜਾਇਦਾਦ ਅੱਗ ਦੇ ਖਤਰੇ ਲਈ ਤਿਆਰ ਹੈ।
- ਜੇਕਰ ਅੱਗ ਲੱਗ ਜਾਂਦੀ ਹੈ, ਤਾਂ ਤੁਰੰਤ ਕਾਰਵਾਈ ਕਰੋ। ਜੇਕਰ ਤੁਸੀਂ ਅਤੇ ਤੁਹਾਡੀ ਜਾਇਦਾਦ ਸਭ ਤੋਂ ਉੱਚ-ਪੱਧਰ ਦੇ ਲਈ ਤਿਆਰ ਨਹੀਂ ਹੋ, ਤਾਂ ਇਸ ਤੋਂ ਪਹਿਲਾਂ ਅੱਗ ਦੇ ਅਸਰ ਸਾਮ੍ਹਣੇ ਆਉਣ, ਕਿਸੇ ਸੁਰੱਖਿਅਤ ਸਥਾਨ 'ਤੇ ਚਲੇ ਜਾਓ।
- ਬੁੱਸ਼ਫਾਇਰ ਦੇ ਜੋਖਮ ਵਾਲੇ ਖੇਤਰਾਂ ਵਿੱਚ ਯਾਤਰਾ ਕਰਨ ਬਾਰੇ ਇੱਕ ਵਾਰ ਫੇਰ ਸੋਚ ਲਉ।

### CATASTROPHIC (ਘਾਤਕ)

**ਆਪਣੇ ਬਚਾਅ ਲਈ, ਬੁੱਸ਼ਫਾਇਰ ਦੇ ਜੋਖਮ ਵਾਲੇ ਖੇਤਰਾਂ ਤੋਂ ਚਲੇ ਜਾਓ।**

**ਜੇਕਰ ਅੱਗ ਲੱਗ ਜਾਂਦੀ ਹੈ ਅਤੇ ਜ਼ੋਰ ਫੜ ਲੈਂਦੀ ਹੈ, ਤਾਂ ਜਾਨਾਂ ਜਾਣ ਦੀ ਸੰਭਾਵਨਾ ਹੈ।**

- ਅੱਗ ਲੱਗਣ ਸਬੰਧੀ ਇਹ ਸਭ ਤੋਂ ਖਤਰਨਾਕ ਹਾਲਾਤ ਹਨ।
- ਤੁਹਾਡੀ ਜ਼ਿੰਦਗੀ ਤੁਹਾਡੇ ਫੈਸਲਿਆਂ ਉੱਤੇ ਨਿਰਭਰ ਕਰੇਗੀ, ਇੱਥੋਂ ਤੱਕ ਕਿ ਲੱਗਣ ਤੋਂ ਪਹਿਲਾਂ ਵੀ।
- ਜਾਂ ਤਾਂ ਸਵੇਰ-ਤੜਕੇ ਜਾਂ ਫਿਰ ਇੱਕ ਰਾਤ ਪਹਿਲਾਂ, ਕਿਸੇ ਸੁਰੱਖਿਅਤ ਸਥਾਨ 'ਤੇ ਜਾ ਕੇ ਆਪਣੇ ਆਪ ਨੂੰ ਸੁਰੱਖਿਅਤ ਕਰ ਲਉ।
- ਇਨ੍ਹਾਂ ਹਾਲਾਤਾਂ ਵਿੱਚ ਲੱਗਣ ਵਾਲੀਆਂ ਅੱਗਾਂ ਦਾ ਸਾਮ੍ਹਣਾ ਘਰ ਨਹੀਂ ਕਰ ਸਕਦੇ ਹਨ। ਹੋ ਸਕਦਾ ਹੈ ਕਿ ਤੁਸੀਂ ਛੱਡ ਕੇ ਜਾਣ ਜੋਗੇ ਨਹੀਂ ਰਹੋਗੇ ਅਤੇ ਮਦਦ ਉਪਲਬਧ ਨਹੀਂ ਹੋਵੇਗੀ।

# ਅੱਗ ਦੇ ਖਤਰੇ ਦੀਆਂ ਰੇਟਿੰਗਜ਼ ਨੂੰ ਸਮਝਣਾ

ਜੇਕਰ ਅੱਗ ਲੱਗਣੀ ਹੋਵੇ, ਤਾਂ ਅੱਗ ਦੇ ਖ਼ਤਰੇ ਦੀਆਂ ਰੇਟਿੰਗਜ਼ ਤੁਹਾਨੂੰ ਅੱਗ ਲੱਗਣ ਦੇ ਨਤੀਜਿਆਂ ਬਾਰੇ ਸੰਕੇਤ ਦਿੰਦੀਆਂ ਹਨ। ਉਹ ਇਹ ਨਹੀਂ ਦਰਸਾਉਂਦੀਆਂ ਕਿ ਅੱਗ ਲੱਗਣ ਦੀ ਕਿੰਨੀ ਸੰਭਾਵਨਾ ਹੈ, ਹਾਲਾਂਕਿ ਇਹ ਇੱਕ ਆਮ ਗਲਤ ਧਾਰਨਾ ਹੈ।

ਅੱਗ ਦੇ ਖਤਰੇ ਦੀਆਂ ਰੇਟਿੰਗਜ਼ ਨੂੰ ਫਾਇਰ ਏਰਿਆ (ਅੱਗ ਵਾਲੇ ਖੇਤਰ) ਲਈ ਘੋਸ਼ਿਤ ਕੀਤਾ ਜਾਂਦਾ ਹੈ। ਇਹ ਸਥਾਨਕ ਸਰਕਾਰੀ ਖੇਤਰਾਂ ਉੱਪਰ ਆਧਾਰਿਤ ਹੁੰਦੀਆਂ ਹਨ। ਤੁਸੀਂ fire.tas.gov.au/fire-danger-rating/ ‘ਤੇ ਜਾ ਕੇ ਆਪਣਾ ਫਾਇਰ ਏਰੀਆ ਲੱਭ ਸਕਦੇ ਹੋ

ਰੇਟਿੰਗਜ਼ ਦਾ ਹਿਸਾਬ ਮੌਸਮ ਦੀ ਭਵਿੱਖਬਾਣੀ ਅਤੇ ਅਜਿਹੀ ਬਨਸਪਤੀ ਬਾਰੇ ਜਾਣਕਾਰੀ ਦੇ ਇੱਕ ਸੁਮੇਲ ਦੀ ਵਰਤੋਂ ਕਰਕੇ ਲਗਾਇਆ ਜਾਂਦਾ ਹੈ, ਜੋ ਅੱਗ ਲਈ ਬਾਲਣ ਦਾ ਕੰਮ ਕਰਦੀ ਹੈ।

ਜਦੋਂ ਅੱਗ ਦਾ ਖ਼ਤਰਾ ‘High/ਉੱਚ’ ਤੱਕ ਪਹੁੰਚ ਜਾਂਦਾ ਹੈ, ਤਾਂ ਪਰਮਿਟ ਮੁਅੱਤਲ ਕੀਤੇ ਜਾ ਸਕਦੇ ਹਨ। ਆਪਣਾ ਫਾਇਰ ਪਰਮਿਟ ਜਾਂਚ ਲਓ ਕਿ ਕਿਤੇ ਉਸ ‘ਤੇ ਕੋਈ ਸ਼ਰਤਾਂ ਤਾਂ ਨਹੀਂ ਲਿਖੀਆਂ।

ਆਮ ਤੌਰ ‘ਤੇ ‘Extreme/ਅਤਿਅੰਤ’ ਅਤੇ ਇਸ ਤੋਂ ਉੱਪਰ ਦੇ ਖਤਰੇ ਵਾਲੇ ਖੇਤਰਾਂ ਵਿੱਚ ਅੱਗ ਲਗਾਉਣ ਉੱਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਂਦੀ ਹੈ।

ਤੁਸੀਂ ਅੱਗ ਦੇ ਖ਼ਤਰੇ ਦੀਆਂ ਰੇਟਿੰਗਜ਼ ਨੂੰ ਆਪਣੀ ਬੁਸ਼ਫਾਇਰ ਤੋਂ ਬੱਚ ਨਿਕਲਣ ਦੀ ਯੋਜਨਾ ਦੇ ਅੰਦਰ ਕਾਰਵਾਈ ਸ਼ੁਰੂ ਕਰਨ ਦੇ ਸੱਦੇ ਵਜੋਂ ਵਰਤ ਸਕਦੇ ਹੋ।

## ਤੁਸੀਂ ਇਨ੍ਹਾਂ ਤਰੀਕਿਆਂ ਨਾਲ ਆਪਣੇ ਖੇਤਰ ਦੀ ਅੱਗ ਦੇ ਖਤਰੇ ਦੀ ਰੇਟਿੰਗ ਦਾ ਪਤਾ ਲਗਾ ਸਕਦੇ ਹੋ:

- TFS ਵੈੱਬਸਾਈਟ fire.tas.gov.au/fire-danger-rating/ ‘ਤੇ ਜਾ ਕੇ
- ਤੁਹਾਡੀਆਂ ਸਥਾਨਕ ਖਬਰਾਂ ਨੂੰ ਸੁਣ ਕੇ
- ਜਾਣਕਾਰੀ ਹਾਟਲਾਈਨ ਨੂੰ 1800 000 699 ‘ਤੇ ਫ਼ੋਨ ਕਰ ਕੇ

## ਵਧੇਰੀ ਜਾਣਕਾਰੀ ਲਈ

TFS ਵੈੱਬਸਾਈਟ **fire.tas.gov.au**

ਫੇਸਬੁੱਕ **Tasmania Fire Service**

ਸਥਾਨਕ ABC ਰੇਡੀਓ

**TasALERT**

Tasmania Fire Service